ਨੰ: 3/24/2009-ਰਸ1/ 1544

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜਰਵੇਸ਼ਨ ਸੈਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜਿਲ੍ਹਾ ਤੇ ਸੈਸ਼ਨ ਜੱਜ ਅਤੇ
ਸਮੂਹ ਉਪ ਮੰਡਲ ਅਫਸਰ।

ਮਿਤੀ, ਚੰਡੀਗੜ੍ਹ 22/10/09

ਵਿਸ਼ਾ:- ਦੂਜੇ ਬੈਕਵਰਡ ਕਲਾਸਿਜ ਕਮਿਸ਼ਨ (ਮੰਡਲ ਕਮਿਸ਼ਨ) ਦੀਆਂ ਸਿਫਾਰਸ਼ਾਂ ਦੇ ਸਨਮੁੱਖ ਰਾਜ ਸਰਕਾਰ ਅਧੀਨ ਸੇਵਾਵਾਂ ਵਿੱਚ ਪਛੜੀਆਂ- ਸ਼੍ਰੇਣੀਆਂ ਲਈ ਰਿਜਰਵੇਸ਼ਨ ਦੀ ਮਾਤਰਾ (ਕੋਟਾ) ਮੁੜ ਮਿੱਥਣ ਬਾਰੇ।

*****

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ: 7/1/90-ਰਸ1/11374, ਮਿਤੀ 30-12-96 (ਕਾਪੀ ਨੱਥੀ ਹੈ) ਵੱਲ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਨਾਲ ਨੱਥੀ ਅਨੁਲੱਗ ਰਾਹੀਂ ਕੀਤੀ ਗਈ ਵੰਡ ਅਨੁਸਾਰ ਰਾਖਵੀਆਂ ਆਸਾਮੀਆਂ ਸਬੰਧਤ ਕੈਟਾਗਰੀ ਦੇ ਉਮੀਦਵਾਰਾਂ ਰਾਹੀਂ ਨਾ ਭਰੀਆਂ ਜਾਣ ਸਬੰਧੀ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਇਆ ਹੈ। ਨਿਰਧਾਰਤ ਪ੍ਰਤੀਸ਼ਤਤਾ ਅਨੁਸਾਰ ਆਸਾਮੀਆਂ ਸਬੰਧਤ ਰਿਜਰਵ ਕੈਟਾਗਰੀ ਰਾਹੀਂ ਨਾ ਭਰੀਆਂ ਜਾਣੀਆਂ ਗੰਭੀਰ ਮਾਮਲਾ ਹੈ ਅਤੇ ਅਜਿਹਾ ਕਰਨ ਨਾਲ ਸਰਕਾਰ ਨੂੰ ਕਈ ਵਾਰ ਕਾਨੂੰਨੀ ਪੇਚੀਦਗੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

2. ਸਰਕਾਰ ਦੇ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਉਕਤ ਪੈਰ੍ਹਾ-1 ਅਧੀਨ ਦਰਜ ਪੱਤਰ ਨਾਲ ਨੱਥੀ ਅਨੁਲੱਗ ਅਨੁਸਾਰ ਅਨੁਸੂਚਿਤ ਜਾਤੀਆਂ ਲਈ ਪ੍ਰਵਾਨਤ 25% ਰਾਖਵੇਂਕਰਨ ਵਿੱਚੋਂ ਅਨੁਸੂਚਿਤ ਜਾਤੀ ਸਾਬਕਾ ਫੌਜੀ ਅਤੇ ਅਨੁਸੂਚਿਤ ਜਾਤੀ ਖਿਡਾਰੀ ਉਪਲਬਧ ਨਾ ਹੋਣ ਤੇ ਵਿਭਾਗਾਂ ਵੱਲੋਂ ਇਨ੍ਹਾਂ ਕੈਟਾਗਰੀਆਂ ਲਈ ਰਾਖਵੀਆਂ ਆਸਾਮੀਆਂ ਜਨਰਲ ਕੈਟਾਗਰੀ ਦੇ ਉਮੀਦਵਾਰਾਂ ਰਾਹੀਂ ਭਰੀਆਂ ਜਾਂਦੀਆਂ ਹਨ ਜੋ ਕਿ ਰਿਜਰਵੇਸ਼ਨ ਨੀਤੀ ਦੀ ਸਰਾਸਰ ਉਲੰਘਣਾ ਹੈ।

3. ਸਰਕਾਰ ਵੱਲੋਂ ਇਹ ਮਾਮਲਾ ਮੁੜ ਗੰਭੀਰਤਾ ਨਾਲ ਵਿਚਾਰਿਆ ਗਿਆ ਅਤੇ ਫੈਸਲਾ ਲਿਆ ਗਿਆ ਹੈ ਕਿ ਅਨੁਸੂਚਿਤ ਜਾਤੀਆਂ ਲਈ ਪ੍ਰਵਾਨਤ 25% ਰਾਖਵੀਆਂ ਆਸਾਮੀਆਂ ਵਿੱਚੋਂ ਅਨੁਸੂਚਿਤ ਜਾਤੀ ਦੇ ਸਾਬਕਾ ਫੌਜੀਆਂ ਅਤੇ ਅਨੁਸੂਚਿਤ ਜਾਤੀ ਦੇ ਖਿਡਾਰੀ ਵਰਗ ਲਈ ਪ੍ਰਵਾਨਤ

ਕ੍ਰਮਵਾਰ 4% ਅਤੇ 1% ਰਾਖਵੇਂਕਰਨ ਦੇ ਸਨਮੁੱਖ ਬਣਦੀਆਂ ਰਾਖਵੀਂਆਂ ਆਸਾਮੀਆਂ, ਇਹਨਾਂ ਕੈਟਾਗਰੀਆਂ ਦੇ ਯੋਗ ਉਮੀਦਵਾਰ ਉਪਲਬਧ ਨਾ ਹੋਣ ਦੀ ਸੂਰਤ ਵਿੱਚ ਕਿਸੇ ਵੀ ਹਾਲਤ ਵਿੱਚ ਜਨਰਲ ਕੈਟਾਗਰੀ ਦੇ ਸਾਬਕਾ ਫੌਜੀਆਂ ਅਤੇ ਜਨਰਲ ਕੈਟਾਗਰੀ ਦੇ ਖਿਡਾਰੀਆਂ ਰਾਹੀਂ ਨਾ ਭਰੀਆਂ ਜਾਣ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਅਨੁਸੂਚਿਤ ਜਾਤੀ ਦੇ ਸਾਬਕਾ ਫੌਜੀ ਅਤੇ ਅਨੁਸੂਚਿਤ ਜਾਤੀ ਦੇ ਖਿਡਾਰੀ ਲਈ ਰਾਖਵੀਂਆਂ ਆਸਾਮੀਆਂ ਭਰਨ ਲਈ ਯੋਗ ਉਮੀਦਵਾਰ ਉਪਲਬਧ ਨਾ ਹੋਣ ਤਾਂ ਇਹ ਆਸਾਮੀਆਂ ਕੇਵਲ ਅਨੁਸੂਚਿਤ ਜਾਤੀ ਦੀ ਆਮ ਸ਼੍ਰੇਣੀ ਵਿੱਚ ਵਾਪਸ ਰਿਵਰਟ ਹੋ ਜਾਣਗੀਆਂ ਅਤੇ ਅਨੁਸੂਚਿਤ ਜਾਤੀ ਦੇ ਯੋਗ ਉਮੀਦਵਾਰਾਂ ਵਿੱਚੋਂ ਹੀ ਭਰੀਆਂ ਜਾਣਗੀਆਂ।

4. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ

(ਟੀ.ਕੇ.ਗੋਇਲ)
ਸੰਯੁਕਤ ਸਕੱਤਰ ਭਲਾਈ

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰਾਂ ਅਤੇ
ਪ੍ਰਬੰਧਕੀ ਸਕੱਤਰ।

ਅੰ:ਵਿ:ਪੱ:ਨੰ: 3/24/2009-ਰਸ1/ 1545 ਮਿਤੀ,ਚੰਡੀਗੜ੍ਹ 22/10/09

No.7/1/90-RCI/11374

GOVERNMENT OF PUNJAB
DEPARTMENT OF WELFARE
( RESERVATION CELL )

To

All Heads of Departments;
Commissioners of the Divisions;
Deputy Commissioner, Session Judges;
Registrar, Punjab & Haryana High Court; and
Sub-Divisional Officers(C) in the State.

Dated, Chandigarh, the 30th December, 1996.

Subject:- Refixation of quantum of reservation for backward Classes in the State Services on the recommendations of the 2nd Backward Classes Commission (Mandal Commission).

****

Sir,

The Government have decided to increase the percentage of reservation in direct recruitment for Govt./Semi-Government jobs in all services in favour of Backward Classes from the existing 5% to 12% with immediate effect.

2. It has also been decided that reservation for scheduled castes and backward Classes will be made vertical while the reservation for other categories such as ex-servicemen, sportsmen, physically handicapped and freedom-fighters will be horizontal according to the chart annexed to this letter. Thus, scheduled caste, ex-servicemen/ would be adjusted against the 4% seats earmarked for them in the chart and to that extent they will be counted towards reservations for scheduled castes as well as ex-servicemen. Similar criteria will apply to scheduled castes sportsmen and backward class ex-servicemen.

3. Government have also decided that the reservation for scheduled castes and backward classes will take percentage precedence over the horizontal reservation for ex-servicemen, sportsmen, physically handicapped and freedom fighters. Thus, for example, in the event of non-availability of the required number of scheduled caste ex-servicemen, the vacancies

....2

earmarked for this category would in the first instance go to scheduled castes and in case no scheduled castes are available these will be given to the general category ex-servicemen. The principle of carrying forward of reservation of vacancy will also apply with necessary alteration in detail.

Yours faithfully,

Sd/-
( S.C. AGARWAL )
Secretary to Govt.Punjab
Deptt.of Welfare of SCS
& BCs.

A copy is forwarded to all the Financial Commissioners, Principal Secretaries and Administrative Secretaries, for information and necessary action.

Sd/-
Secretary,Welfare

To

All the Financial Commissioners,
Principal Secretaries and Administrative
Secretaries.

I.D.No. 7/1/90-RC I/11375 Dated the 30th Dec.1996.

ANNEXURE

## Chart Showing Proposed Horizontal and Vertical Reservation

| | | | | | |
|---|---|---|---|---|---|
| S. C. Ex-servicemen 4% | S. C. Sportsmen 1.0% | S. C. Handicapped -- | S. C. | Other SCs 20% | Total SCs 25% |
| B. C. Ex-servicemen 2% | B. C. Sportsmen -- | B. C. Handicapped -- | B. C. | Other BCs 10% | Total BCs 12% |
| General Ex-servicemen 7% | General Sportsmen 2% | General Handicapped 3% | General 1% | Unreserved 50% | Total General Category 63% |
| Total Ex-servicemen 13% | Total Sportsmen 3% | Total Handicapped 3% | Total Freedom Fighters 1% | | |